## ਪੰਜਾਬ ਸਕੂਲ ਸਿੱਖਿਆ ਬੋਰਡ

ਵੱਲ

ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰ/ਸਮੂਹ ਕਲੱਸਟਰ ਹੈਡ ਟੀਚਰ,
ਪੰਜਾਬ ਰਾਜ।

ਨੰ-ਪਸਸਬ......2043.........  ਸ.ਸ.(ਕ.ਸ.)ਮਿਤੀ-......27/6/24  ਐਸ.ਏ.ਐਸ.ਨਗਰ।

ਵਿਸ਼ਾ- ਪੰਜਵੀਂ ਅਤੇ ਅੱਠਵੀਂ ਸ਼੍ਰੇਣੀ ਪਰੀਖਿਆ ਜੁਲਾਈ 2024 ਦੀ ਅਨੁਪੂਰਕ ਪਰੀਖਿਆ ਦੇ ਪ੍ਰਸ਼ਨ-ਪੱਤਰਾਂ ਦੇ ਸੀਲ ਬੰਦ ਬੋਕਸ ਪ੍ਰਾਪਤ ਕਰਨ ਸੰਬੰਧੀ।

ਸ੍ਰੀਮਾਨ ਜੀ,

- ਪੰਜਵੀਂ ਸ਼੍ਰੇਣੀ ਦੀ ਅਨੁਪੂਰਕ ਪਰੀਖਿਆ ਮਿਤੀ 04-07-2024 ਤੋਂ 12-07-2024 ਤੱਕ ਅਤੇ ਅੱਠਵੀਂ ਸ਼੍ਰੇਣੀ ਦੀ ਅਨੁਪੂਰਕ ਪਰੀਖਿਆ ਮਿਤੀ 04-07-2024 ਤੋਂ 17-07-2024 ਤੱਕ ਕਰਵਾਈ ਜਾ ਰਹੀ ਹੈ।
- ਪੰਜਵੀਂ ਅਤੇ ਅੱਠਵੀਂ ਸ਼੍ਰੇਣੀ ਦੇ ਪ੍ਰਸ਼ਨ-ਪੱਤਰ ਦਫਤਰ ਵੱਲੋਂ ਨਿਯੁਕਤ ਕੀਤੀ ਗਈ ਟੀਮਾਂ ਰਾਹੀਂ ਮਿਤੀ 30-06-2024 ਸਮੂਹ ਜਿਲ੍ਹਿਆਂ ਨੂੰ ਮੁੱਖ ਦਫਤਰ ਤੋਂ ਲੈ ਕੇ ਰਵਾਨਾ ਹੋਣਗੀਆਂ। ਇਹ ਪ੍ਰਸ਼ਨ-ਪੱਤਰ ਜਿਲ੍ਹਾ ਮੈਨੇਜਰ,ਖੇਤਰੀ ਦਫਤਰ ਵੱਲੋਂ ਪ੍ਰਾਪਤ ਕੀਤੇ ਜਾਣਗੇ।
- ਜਿਲ੍ਹਾਂ ਮੈਨੇਜਰ,ਖੇਤਰੀ ਦਫਤਰ ਵੱਲੋਂ ਆਪਣੀ ਨਿਗਰਾਨੀ ਹੇਠ ਪੰਜਵੀ ਅਤੇ ਅੱਠਵੀਂ ਸ਼੍ਰੇਣੀ ਦੇ ਇਹ ਪ੍ਰਸ਼ਨ-ਪੱਤਰ ਮਿਤੀ 01-07-2024 ਅਤੇ 02-07-2024 ਤੱਕ ਸਬੰਧਤ ਕਲੱਸਟਰ ਹੈਡ ਟੀਚਰ/ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰ ਨੂੰ ਸੌਂਪੇ ਜਾਣਗੇ।
- ਇਹਨਾਂ ਪ੍ਰਸ਼ਨ-ਪੱਤਰਾਂ ਨੂੰ ਪ੍ਰਾਪਤ ਕਰਨ ਵਾਲਾ ਅਧਿਕਾਰੀ ਸਕੂਲ ਦੇ ਲੈਟਰ ਪੈਡ ਉੱਪਰ ਕੀਤੇ ਗਏ ਤਸਦੀਕ ਸੁਦਾ ਹਸਤਾਖਰ ਅਤੇ ਸ਼ਨਾਖਤੀ ਕਾਰਡ ਪੇਸ਼ ਕਰੇਗਾ।
- ਪ੍ਰਸ਼ਨ-ਪੱਤਰ ਪ੍ਰਾਪਤ ਕਰਨ ਸਮੇਂ ਦਫਤਰ ਵੱਲੋਂ ਭੇਜੇ ਗਏ ਇਹਨਾਂ ਪ੍ਰਸ਼ਨ-ਪੱਤਰਾਂ ਦਾ ਚਲਾਨ ਨਾਲ ਚੰਗੀ ਤਰ੍ਹਾਂ ਮਿਲਾਨ ਕਰ ਲਏ ਜਾਣ। ਜੇਕਰ ਕਿਸੇ ਵਿਸ਼ੇ ਦੇ ਪ੍ਰਸ਼ਨ-ਪੱਤਰ ਘੱਟ ਹਨ ਜਾਂ ਪ੍ਰਾਪਤ ਨਹੀਂ ਹੋਏ ਤਾਂ ਇਸ ਸੰਬੰਧੀ ਉਸੇ ਸਮੇਂ ਮੁੱਖ ਦਫਤਰ ਨੂੰ ਸੂਚਿਤ ਕੀਤਾ ਜਾਵੇ।
- ਪੰਜਵੀਂ ਸ਼੍ਰੇਣੀ ਦੀ ਪਰੀਖਿਆ ਦੇ ਪ੍ਰਸ਼ਨ-ਪੱਤਰ ਸਮੂਹ ਕਲੱਸਟਰ ਹੈਡ ਟੀਚਰ ਆਪਣੀ ਸੇਫ ਕਸ਼ਟਡੀ ਵਿੱਚ ਸ਼ੀਲ ਬੰਦ ਤਾਲੇ ਲਗਾਕੇ ਪੂਰੀ ਸਕਿਉਰਟੀ ਰੱਖੀ ਜਾਵੇ।
- ਪ੍ਰਸ਼ਨ-ਪੱਤਰ ਸੇਫ ਥਾਂ ਤੇ ਰੱਖ ਕੇ ਦੋ ਤਾਲੇ ਲਗਾਏ ਜਾਣ,ਜਿਸ ਦੀ ਇੱਕ ਚਾਬੀ ਕੇਂਦਰ ਕੰਟਰੋਲਰ ਅਤੇ ਦੂਜੀ ਚਾਬੀ ਕੇਂਦਰ ਸੁਪਰਡੈਂਟ ਕੋਲ ਰੱਖੀ ਜਾਵੇ। ਇਹਨਾਂ ਪ੍ਰਸ਼ਨ-ਪੱਤਰਾਂ ਦੀ ਪੂਰੀ ਸਕਿਉਰਟੀ ਰੱਖੀ ਜਾਵੇ।
- ਸ਼ੀਲ ਬੰਦ ਪ੍ਰਸ਼ਨ-ਪੱਤਰਾਂ ਦੇ ਪੈਕਿਟ ਨਾਲ ਪਰੀਖਿਆ ਸੁਰੂ ਹੋਣ ਤੋਂ ਪਹਿਲਾਂ ਜੇਕਰ ਕੋਈ ਛੇੜਛਾੜ ਹੁੰਦੀ ਹੈ ਤਾਂ ਸਬੰਧਤ ਕਲੱਸਟਰ ਹੈਡ ਟੀਚਰ ਅਤੇ ਕੇਂਦਰ ਸੁਪਰਡੈਂਟ ਸਿਧੇ ਤੌਰ ਤੇ ਜਿਮੇਵਾਰ ਹੋਣਗੇ।
- ਇਸ ਕਾਰਜ ਲਈ ਆਪ ਜੀ ਦੇ ਸਹਿਯੋਗ ਦੀ ਸ਼ਖਤ ਜਰੂਰਤ ਹੈ, ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਟੈਲੀਫੋਨ ਨੰਬਰ- 0172-5227334,0172-5227333,0172-5227340 ਤੇ ਸੰਪਰਕ ਕੀਤਾ ਜਾਵੇ।

ਸਹੀ/
ਸਹਾਇਕ ਸਕੱਤਰ (ਕ.ਸ.)
ਪੰਜਾਬ ਸਕੂਲ ਸਿੱਖਿਆ ਬੋਰਡ।

ਉਤਾਰਾ- ਜਿਲ੍ਹਾਂ ਸਿੱਖਿਆ ਅਫਸਰ ਜੀ ਦੀ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸਹਾਇਕ ਸਕੱਤਰ (ਕ.ਸ.)
ਪੰਜਾਬ ਸਕੂਲ ਸਿੱਖਿਆ ਬੋਰਡ।